**ਸ਼੍ਰੇਣੀ :ਦਸਵੀਂ**

**ਵਿਸ਼ਾ : ਪੰਜਾਬੀ**

**ਪੇਪਰ : ਏ**

**ਸਮੈਸਟਰ : ਪਹਿਲਾ**

**ਪਾਠ-ਕ੍ਰਮ ਦੀ ਵੰਡ** **ਲਿਖਤੀ ਅੰਕ :** 50

**ਆਂਤਰਿਕ ਅੰਕ :** 25

**ਸਮਾਂ:** 3 **ਘੰਟੇ** **ਕੁੱਲ ਅੰਕ :** 75

1. **ਪਾਠ-ਪੁਸਤਕ ਸਾਹਿਤ -ਮਾਲਾ**

ਇਸ ਪੁਸਤਕ ਦੇ ਕਵਿਤਾ ਭਾਗ ਵਿੱਚੋਂ ਹੇਠ ਲਿਖੀਆਂ ਕਾਵਿ-ਧਾਰਾਵਾਂ ਸ਼ਾਮਲ ਹਨ :

(ੳ) ਸੂਫ਼ੀ-ਕਾਵਿ (ਅ) ਕਿੱਸਾ-ਕਾਵਿ

**ਇਸ ਭਾਗ ਵਿੱਚੋਂ ਤਿੰਨ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ।**

- ਛੇ ਪ੍ਰਸ਼ਨ ਵਸਤੂਨਿਸ਼ਠ ਪ੍ਰਕਾਰ (Objective type) ਦੇ ਹੋਣਗੇ।
- ਦੋ ਪ੍ਰਸ਼ਨ ਪ੍ਰਸੰਗ ਸਹਿਤ ਵਿਆਖਿਆ ਬਾਰੇ ਹੋਣਗੇ।
- ਇੱਕ ਪ੍ਰਸ਼ਨ ਕਵਿਤਾ ਦੇ ਕੇਂਦਰੀ ਭਾਵ/ਸਾਰ ਬਾਰੇ ਹੋਵੇਗਾ।

3+5+5+2=15

**ਸਾਹਿਤ-ਮਾਲਾ ਪੁਸਤਕ ਦੇ ਵਾਰਤਕ-ਭਾਗ ਵਿੱਚੋਂ ਹੇਠ ਲਿਖੇ ਲੇਖ ਸ਼ਾਮਲ ਹਨ** :

(ੳ) ਰਬਾਬ ਮੰਗਾਉਣ ਦਾ ਬਿਰਤਾਂਤ

(ਅ) ਹੱਸਣਾ ਤੇ ਕੂਕਣਾ

(ੲ) ਮੇਰੀ ਮਾਂ ਬੋਲੀ

**ਇਸ ਭਾਗ ਵਿੱਚੋਂ ਤਿੰਨ ਪ੍ਰਕਾਰ ਦੇ ਪ੍ਰਸ਼ਨ ਪੁੱਛੇ ਜਾਣਗੇ :**

- ਚਾਰ ਪ੍ਰਸ਼ਨ ਵਸਤੂ ਨਿਸ਼ਠ ਕਿਸਮ (Objective type) ਦੇ ਹੋਣਗੇ।
- ਇੱਕ ਪ੍ਰਸ਼ਨ ਲੇਖ ਦੇ ਸਾਰ ਨਾਲ ਸੰਬੰਧਿਤ ਹੋਵੇਗਾ।
- ਦੋ ਪ੍ਰਸ਼ਨ ਪਾਠ-ਅਭਿਆਸਾਂ ਵਿੱਚੋਂ ਲੇਖ ਦੇ ਵਸਤੂ-ਪੱਖ ਬਾਰੇ ਹੋਣਗੇ।

2+6+3=11

**ਪਾਠ-ਪੁਸਤਕ : ਵੰਨਗੀ**

ਇਸ ਪੁਸਤਕ ਵਿੱਚੋਂ ਹੇਠ ਲਿਖੇ ਇਕਾਂਗੀ ਸ਼ਾਮਲ ਹਨ :

(ੳ) ਮਹਾਤਮਾ (ਅ) ਬੇਵਸੀ

**ਇਸ ਭਾਗ ਵਿੱਚੋਂ ਤਿੰਨ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ :**

- ਦੋ ਪ੍ਰਸ਼ਨ ਵਸਤੂ ਨਿਸ਼ਠ ਕਿਸਮ ਦੇ ਹੋਣਗੇ।
- ਇੱਕ ਪ੍ਰਸ਼ਨ ਪਾਤਰ-ਚਿਤਰਨ ਬਾਰੇ ਹੋਵੇਗਾ।
- ਇੱਕ ਪ੍ਰਸ਼ਨ ਵਾਰਤਾਲਾਪ ਦੇ ਪ੍ਰਸੰਗ ਬਾਰੇ ਹੋਵੇਗਾ।

1+4+2=7

**ਵੰਨਗੀ ਪੁਸਤਕ ਵਿੱਚੋਂ ਹੇਠ ਲਿਖੀਆਂ ਕਹਾਣੀਆਂ ਸ਼ਾਮਲ ਹਨ :**

(ੳ) ਮੜ੍ਹੀਆਂ ਤੋਂ ਦੂਰ (ਅ) ਇੱਕ ਪੈਰ ਘੱਟ ਤੁਰਨਾ

ਇਸ ਭਾਗ ਵਿੱਚੋਂ ਤਿੰਨ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ :

- ਚਾਰ ਪ੍ਰਸ਼ਨ ਵਸਤੂ ਨਿਸ਼ਠ ਕਿਸਮ ਦੇ ਹੋਣਗੇ।
- ਇੱਕ ਪ੍ਰਸ਼ਨ ਕਹਾਣੀ ਦੇ ਸਾਰ ਨਾਲ ਸੰਬੰਧਿਤ ਹੋਵੇਗਾ।
- ਇੱਕ ਪ੍ਰਸ਼ਨ ਪਾਤਰ-ਚਿਤਰਨ ਸੰਬੰਧੀ ਹੋਵੇਗਾ।

2+4+3=9

3. **ਪਾਠ-ਪੁਸਤਕ: ਪਹੁ-ਫੁਟਾਲੇ ਤੋਂ ਪਹਿਲਾਂ (ਨਾਵਲ)**

(ਕਾਂਡ 1 ਤੋਂ 7 ਤੱਕ)

**ਇਸ ਭਾਗ ਵਿੱਚੋਂ ਤਿੰਨ ਪ੍ਰਕਾਰ ਦੇ ਪ੍ਰਸ਼ਨ ਪੁੱਛੇ ਜਾਣਗੇ :**

- ਚਾਰ ਪ੍ਰਸ਼ਨ ਵਸਤੂ ਨਿਸ਼ਠ ਕਿਸਮ ਦੇ ਹੋਣਗੇ।
- ਇੱਕ ਪ੍ਰਸ਼ਨ ਪਾਤਰ-ਚਿਤਰਨ ਨਾਲ ਸੰਬੰਧਿਤ ਹੋਵੇਗਾ।
- ਇੱਕ ਪ੍ਰਸ਼ਨ ਵਾਰਤਾਲਾਪ ਦੇ ਪ੍ਰਸੰਗ ਸੰਬੰਧੀ ਹੋਵੇਗਾ।

2+4+2=8

**ਪੇਪਰ ਸੈੱਟਰ ਲਈ ਆਮ ਹਿਦਾਇਤਾਂ :**

**ਲਿਖਤੀ ਅੰਕ :** 50

**ਆਂਤਰਿਕ ਅੰਕ :** 25

**ਸਮਾਂ:** 3 **ਘੰਟੇ** **ਕੁੱਲ ਅੰਕ :** 75

1 ਪ੍ਰਸ਼ਨ ਪੱਤਰ ਤਿਆਰ ਕਰਨ ਤੋਂ ਪਹਿਲਾਂ ਨਵੀਨਤਮ ਪਾਠ-ਕ੍ਰਮ ਅਤੇ ਪਾਠ-ਪੁਸਤਕਾਂ ਦੇ ਨਵੀਨਤਮ ਐਡੀਸ਼ਨਾਂ ਨੂੰ ਧਿਆਨ ਨਾਲ ਵਾਚਣਾ ਜ਼ਰੂਰੀ ਹੈ। ਕਿਸੇ ਵੀ ਤਰ੍ਹਾਂ ਪਾਠ-ਕ੍ਰਮ ਦੀ ਉਲੰਘਣਾ ਨਾ ਕੀਤੀ ਜਾਵੇ। ਵਿਸ਼ੇਸ਼ ਹਿਦਾਇਤਾਂ ਅਤੇ ਨਮੂਨੇ ਦਾ ਪ੍ਰਸ਼ਨ ਪੱਤਰ ਜ਼ਰੂਰ ਵੇਖ ਲਿਆ ਜਾਵੇ।

2. ਪ੍ਰਸ਼ਨ ਪੱਤਰ ਵਿੱਚ ਤਕਨੀਕੀ ਸ਼ਬਦਾਵਲੀ ਪਾਠ-ਕ੍ਰਮ ਵਾਲੀ ਹੋਵੇ।

3. ਪ੍ਰਸ਼ਨ-ਪੱਤਰ ਵਿੱਚ ਸ਼ਬਦ ਜੋੜ ਪਾਠ-ਪੁਸਤਕਾਂ ਵਾਲੇ ਹੀ ਰੱਖੇ ਜਾਣ।

4. ਹਰ ਪ੍ਰਸ਼ਨ ਦਾ ਕੇਵਲ ਇੱਕ ਨਿਸਚਿਤ ਉੱਤਰ ਬਣਦਾ ਹੋਵੇ।

5. ਪ੍ਰਸ਼ਨਾਂ ਦੀ ਭਾਸ਼ਾ ਸਰਲ ਤੇ ਸਪਸ਼ਟ ਹੋਵੇ।

6. ਜਿਹੜੇ ਪ੍ਰਸ਼ਨ ਚੋਣ ਲਈ ਪਾਏ ਜਾਣ ਉਹ ਉੱਤਰ ਦੇ ਪੱਧਰ, ਕਠਨਾਈ ਅਤੇ ਅਕਾਰ ਦੇ ਪੱਖੋਂ ਇੱਕ ਦੂਜੇ ਦੇ ਬਰਾਬਰ ਹੋਣ।

7. ਪ੍ਰਸ਼ਨ-ਪੱਤਰ ਵਿੱਚ ਦਿੱਤੀਆਂ ਹਿਦਾਇਤਾਂ ਪ੍ਰਸ਼ਨਾਂ ਨੂੰ ਸਪਸ਼ਟ ਕਰਨ, ਉੱਤਰਾਂ ਨੂੰ ਸੇਧ ਦੇਣ ਅਤੇ ਸੀਮਾ-ਬੱਧ ਕਰਨ ਲਈ ਹੀ ਦਿੱਤੀਆਂ ਜਾਣ। ਇਹਨਾਂ ਰਾਹੀਂ ਪਾਠ-ਕ੍ਰਮ ਤੋਂ ਬਾਹਰਲੀਆਂ ਗੱਲਾਂ ਜਿਨ੍ਹਾਂ ਲਈ ਅੰਕ ਨਹੀਂ ਰੱਖੇ ਗਏ, ਨਾ ਛੋਹੀਆਂ ਜਾਣ।

8. ਕਿਸੇ ਪ੍ਰਸ਼ਨ-ਪੱਤਰ ਦੇ ਨਾਲ ਕੇਵਲ ਉਹ ਹਿਦਾਇਤ ਦਿੱਤੀ ਜਾਵੇ ਜੋ ਕੇਵਲ ਉਸ ਵਿਸ਼ੇਸ਼ ਪ੍ਰਸ਼ਨ ਬਾਰੇ ਹੈ। ਜੇ ਉਹ ਹੋਰ ਪ੍ਰਸ਼ਨਾਂ' ਤੇ ਵੀ ਲਾਗੂ ਹੁੰਦੀ ਹੈ ਜਾਂ ਹੋ ਸਕਦੀ ਹੈ ਤਾਂ ਉਸ ਨੂੰ ਆਮ ਹਿਦਾਇਤਾਂ ਵਿੱਚ ਸ਼ਾਮਲ ਕੀਤਾ ਜਾਵੇ।

9. ਜਿਨ੍ਹਾਂ ਪ੍ਰਸ਼ਨਾਂ ਵਿੱਚ ਅੰਕ-ਵੰਡ ਕਰਨੀ ਸੰਭਵ ਹੈ ਅਤੇ ਲੋੜੀਂਦੀ ਹੈ ਉੱਥੇ ਇਹ ਵਿਸ਼ੇਸ਼ ਹਿਦਾਇਤਾਂ ਅਨੁਸਾਰ ਪ੍ਰਸ਼ਨ-ਪੱਤਰ ਵਿੱਚ ਹੀ ਕਰ ਦਿੱਤੀ ਜਾਵੇ।

10. ਜਿਨ੍ਹਾਂ ਪ੍ਰਸ਼ਨਾਂ ਦਾ ਉੱਤਰ ਸੀਮਾ ਬੱਧ ਕਰਨਾ ਹੈ, ਉਹਨਾਂ ਬਾਰੇ ਪ੍ਰਸ਼ਨਾਂ ਵਿੱਚ ਹੀ ਹਿਦਾਇਤ ਦੇ ਦਿੱਤੀ ਜਾਵੇ।

## ਪੇਪਰ ਸੈੱਟਰ ਲਈ ਵਿਸ਼ੇਸ਼ ਹਿਦਾਇਤਾਂ

## ( ਪਹਿਲੇ ਅਤੇ ਦੂਜੇ ਸਮੈਸਟਰ ਲਈ ਹਿਦਾਇਤਾਂ)

**ਲਿਖਤੀ ਅੰਕ :** 5●
**ਆਂਤਰਿਕ ਅੰਕ :** 25
**ਸਮਾਂ: 3 ਘੰਟੇ** **ਕੁੱਲ ਅੰਕ :** 75

ਪ੍ਰਸ਼ਨ ਨੰ 1: ਇਹ ਪ੍ਰਸ਼ਨ ਵਸਤੂ ਨਿਸ਼ਠ ਕਿਸਮ (Objective type ) ਹੋਵੇਗਾ।

(ੳ) ਸਾਹਿਤ -ਮਾਲਾ ਪੁਸਤਕ ਦੇ ਨਿਰਧਾਰਿਤ ਕਾਵਿ ਵਿੱਚੋਂ 6 ਪ੍ਰਸ਼ਨ ਅਤੇ ਵਾਰਤਕ ਭਾਗ ਵਿੱਚੋਂ 4 ਪ੍ਰਸ਼ਨ ਪੁੱਛੇ ਜਾਣਗੇ।

(ਅ) ਵੰਨਗੀ ਪੁਸਤਕ ਦੇ ਇਕਾਂਗੀ ਭਾਗ ਵਿੱਚੋਂ 4 ਪ੍ਰਸ਼ਨ ਅਤੇ ਕਹਾਣੀ ਭਾਗ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

(ੲ) ਨਾਵਲ ਦੇ ਨਿਰਧਾਰਿਤ ਭਾਗ ਵਿੱਚੋਂ 4 ਪ੍ਰਸ਼ਨ ਪੁੱਛੇ ਜਾਣਗੇ।
ਇਹ ਸਾਰੇ ਪ੍ਰਸ਼ਨ ਅੱਧੇ ਅੱਧੇ ਨੰਬਰ ਦੇ ਹੋਣਗੇ 1●

ਪ੍ਰਸ਼ਨ 2. ਇਸ ਪ੍ਰਸ਼ਨ ਦੇ (ੳ) ਭਾਗ ਵਿੱਚ ਇੱਕ ਕਾਵਿ-ਧਾਰਾ ਵਿੱਚੋਂ ਦੋ ਕਾਵਿ-ਟੋਟੇ ਵਿਚਕਾਰ 'ਜਾਂ' ਦੇ ਕੇ ਪਾਏ ਜਾਣਗੇ। ਇਸ ਪ੍ਰਸ਼ਨ ਦੇ (ਅ) ਭਾਗ ਵਿੱਚ ਵੀ ਦੋ ਕਾਵਿ-ਟੋਟੇ ਦਿੱਤੇ ਜਾਣਗੇ। ੳ ਅਤੇ ਅ ਭਾਗ ਵਿੱਚੋਂ ਇੱਕ ਇੱਕ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰਨੀ ਜ਼ਰੂਰੀ ਹੋਵੇਗੀ। ਪ੍ਰਸੰਗ ਦੇ 2 ਅੰਕ ਅਤੇ ਵਿਆਖਿਆ ਦੇ 3 ਅੰਕ ਹਨ।
2+3=5
2+3=5 = 10

ਪ੍ਰਸ਼ਨ 3. ਕੋਈ ਦੋ ਕਾਵਿ-ਰਚਨਾਵਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ-ਭਾਵ ਜਾਂ ਸਾਰ (ਦੋਨੋਂ ਪੱਖਾਂ ਵਿੱਚੋਂ ਕੇਵਲ ਇੱਕ ਪੱਖ )ਲਗ-ਪਗ 4● ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 2

ਪ੍ਰਸ਼ਨ 4. ਸਾਹਿਤ-ਮਾਲਾ ਦੇ ਵਾਰਤਕ ਭਾਗ ਵਿੱਚੋਂ ਕੋਈ ਦੋ ਲੇਖ ਦੇ ਕੇ ਕਿਸੇ ਇੱਕ ਦਾ ਸਾਰ ਲਗ-ਪਗ 15● ਸ਼ਬਦਾ ਵਿੱਚ ਲਿਖਣ ਲਈ ਕਿਹਾ ਜਾਵੇਗਾ। 6

ਪ੍ਰਸ਼ਨ 5. ਸਾਹਿਤ-ਮਾਲਾ ਵਿਚਲੇ ਲੇਖਾਂ ਦੇ ਵਿਸ਼ਾ-ਵਸਤੂ ਬਾਰੇ ਚਾਰ ਪ੍ਰਸ਼ਨ ਦੇ ਕੇ ਦੋ ਪ੍ਰਸ਼ਨਾਂ ਦਾ ਵੱਤਰ ਪੁੱਛਿਆ ਜਾਵੇਗਾ। ਪ੍ਰੰਤੂ ਖੁੱਲੀ ਚੋਣ ਦੀ ਥਾਂ ਪਹਿਲੇ ਦੋ ਪ੍ਰਸ਼ਨਾਂ ਵਿੱਚ ਜਾਂ ਅਤੇ ਅਗਲੇ ਦੋ ਪ੍ਰਸ਼ਨਾਂ ਵਿੱਚ ਵੀ ਜਾਂ ਦਰਸਾਈ ਜਾਵੇ। $1^{1/2+}1^{1/2}$= 3

ਪ੍ਰਸ਼ਨ 6. ਇਕਾਂਗੀਆਂ ਵਿੱਚੋ. ਦੋ ਪਾਤਰ ਦੇ ਕੇ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 15● ਸ਼ਬਦਾਂ ਵਿੱਚ ਲਿਖਨ ਲਈ ਕਿਹਾ ਜਾਵੇਗਾ। 4

ਪ੍ਰਸ਼ਨ 7. ਇਕਾਂਗੀਆਂ ਵਿੱਚੋਂ ਦੋ ਵਾਰਤਾਲਾਪ ਦੇ ਕੇ ਕਿਸੇ ਇੱਕ ਦਾ ਪ੍ਰਸੰਗ ਲਗ-ਪਗ 4● ਸ਼ਬਦਾਂ ਵਿੱਚ ਸਪਸ਼ਟ ਕਰਨ ਲਈ ਕਿਹਾ ਜਾਵੇਗਾ। 2

ਪ੍ਰਸ਼ਨ 8. ਵੰਨਗੀ ਪੁਸਤਕ ਵਿੱਚੋ. ਕੋਈ ਦੋ ਕਹਾਦੀਆਂ ਦੇ ਕੇ ਕਿਸੇ ਇੱਕ ਦਾ ਸਾਰ ਲਗ-ਪਗ 15● ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 4

ਪ੍ਰਸ਼ਨ 9. ਕਹਾਣੀਆਂ ਵਿੱਚੋ. ਕੋਈ ਦੋ ਪਾਤਰ ਦੇ ਕੇ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 15● ਸ਼ਬਦਾਂ ਵਿੱਚ ਲਿਖਦ ਲਈ ਕਿਹਾ ਜਾਵੇਗਾ। 3

ਪ੍ਰਸ਼ਨ 1●. ਨਾਵਲ ਦੇ ਨਿਰਧਾਰਿਤ ਕਾਂਡਾਂ ਵਿੱਚੋਂ ਦੋ ਪਾਤਰ ਦੇ ਕੇ ਕਿਸੇ ਇੱਕ ਦਾ ਪਾਤਰ ਚਿਤਰਨ 15● ਸ਼ਬਦਾਂ ਵਿੰਚ ਲਿਖਣ ਲਈ ਕਿਹਾ ਜਾਵੇਗਾ। 4

ਪ੍ਰਸ਼ਨ 11. ਨਾਵਲ ਦੇ ਨਿਰਧਾਰਿਤ ਕਾਂਡਾਂ ਵਿੱਚੋਂ ਕੋਈ ਦੋ ਵਾਰਤਾਲਾਪ ਦੇ ਕੇ ਕਿਸੇ ਇੱਕ ਦਾ ਪ੍ਰਸੰਗ ਲਗ-ਪਗ 4● ਸ਼ਬਦਾਂ ਵਿੱਚ ਸਪਸ਼ਟ ਕਰਨ ਲਈ ਕਿਹਾ ਜਾਵੇਗਾ। 2

ਪ੍ਰਸ਼ਨ ਨੰ :1 ' ਸਾਹਿਤ ਮਾਲਾ , ' ਵੰਨਗੀ ਤੇ ' ਪਹੁ-ਫੁਟਾਲੇ ਤੋਂ ਪਹਿਲਾਂ ' ਵਿੱਚੋਂ।

ਪ੍ਰਸ਼ਨ ਨੰ : 2 ਤੋਂ 5 ਤੱਕ ' ਸਾਹਿਤ-ਮਾਲਾ' ਵਿੱਚੋਂ।

ਪ੍ਰਸ਼ਨ ਨੰ : 6 ਤੋਂ 9 ਤੱਕ 'ਵੰਨਗੀ ' ਵਿੱਚੋਂ।

ਪ੍ਰਸ਼ਨ ਨੰ : 1● ਅਤੇ 11 ' ਪਹੁ ਫੁਟਾਲੇ ਤੋ. ਪਹਿਲਾਂ' ਵਿੱਚੋਂ

ਨੋਟ : (1) ਨਾਵਲ ਦੇ ਜਿਹੜੇ ਪਾਤਰ ਸਾਰੇ ਨਾਵਲ ਦੇ ਆਰ-ਪਾਰ ਫੈਲੇ ਹੋਏ ਹਨ, ਉਹ ਦੋਵੇਂ ਸਮੈਸਟਰਾਂ ਵਿੱਚ ਵਿਚਾਰੇ ਜਾਣਗੇ।

(2) ਜਿਹੜੇ ਗੌਣ ਪਾਤਰਾਂ ਦੀ ਭੂਮਿਕਾ ਸਿਰਫ਼ ਪਹਿਲੇ ਜਾਂ ਦੂਜੇ ਸਮੈਸਟਰ ਤੱਕ ਸੀਮਤ ਹੈ, ਉਹਨਾਂ ਨੂੰ ਸੰਬੰਧਿਤ ਸਮੈਸਟਰ ਤੱਕ ਹੀ ਸੀਮਤ ਰਹਿਣ ਦਿੱਤਾ ਜਾਵੇ।

ਨਿਰਧਾਰਿਤ ਪਾਠ-ਪੁਸਤਕਾਂ :

1. ਸਾਹਿਤ-ਮਾਲਾ
2. ਵੰਨਗੀ
3. ਪਹੁ-ਫੁਟਾਲੇ ਤੋਂ ਪਹਿਲਾਂ

(ਉਪਰੋਕਤ ਪੁਸਤਕਾਂ ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ )

## ਨਮੂਨੇ ਦਾ ਪ੍ਰਸ਼ਨ-ਪੱਤਰ

**ਲਿਖਤੀ ਅੰਕ :** 50
**ਆਂਤਰਿਕ ਅੰਕ :** 25
**ਸਮਾਂ: 3 ਘੰਟੇ** **ਕੁੱਲ ਅੰਕ :** 75

ਨੋਟ : ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ'ਤੇ ਆਧਾਰਿਤ ਹੋਣ।

ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ :-

(ੳ) ਪੰਜਾਬੀ ਸੂਫੀ ਕਾਵਿ ਦਾ ਮੋਢੀ ਕੌਣ ਹੈ ?
(ਅ) ' ਸਾਈਂ ਜਿਨ੍ਹਾਂ ਦੇ ਵੱਲ ' ਕਿਸ ਕਵੀ ਦੀ ਰਚਨਾ ਹੈ ?
(ੲ) ' ਕਿਤੇ ਰਾਮਦਾਸ ਕਿਤੇ ਫਤਹਿ ਮੁਹੰਮਦ ਇਹੋ ਕਦੀਮੀ ਸ਼ੋਰ ' ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ?
(ਸ) ਰਾਂਝੇ ਦੇ ਭਾਈਆਂ ਨੇ ਕਿਹੋ ਜਿਹੀ ਜ਼ਮੀਨ ਰਾਂਝੇ ਨੂੰ ਦਿੱਤੀ ?
(ਹ) ਹਾਸ਼ਮ ਸ਼ਾਹ ਦੁਆਰਾ ਲਿਖੇ ਕਿੱਸੇ ਦਾ ਨਾਂ ਕੀ ਹੈ?
(ਕ) ਸਾਹਿਬਾਂ ਨੂੰ ਪਸਾਰੀ ਨੇ ਤੇਲ ਦੀ ਥਾਂ ਕੀ ਦੇ ਦਿੱਤਾ ਸੀ?
(ਖ) ' ਰਬਾਬ ਮੰਗਾਉਨ ਦਾ ਵਿਰਤਾਂਤ' ਲੇਖ ਦਾ ਲੇਖਕ ਕੌਣ ਹੈ ?
(ਗ) ' ਹੱਸਣਾ ਤੇ ਕੂਕਣਾ ' ਲੇਖ ਕਿਸ ਪਾਠ-ਪੁਸਤਕ ਵਿੱਚ ਦਰਜ ਹੈ ?
(ਘ) ' ਮੇਰੀ ਮਾਂ ਬੋਲੀ ' ਲੇਖ ਵਿੱਚ ਲੇਖਕ ਕਿਹੜੀ ਬੋਲੀ ਨੂੰ ਆਪਣੀ ਮਾਂ ਬੋਲੀ ਦੱਸਦਾ ਹੈ ?
(ਙ) ਗੁਰਬਖ਼ਸ਼ ਸਿੰਘ ਅਨੁਸਾਰ ਕਿਨ੍ਹਾਂ ਲੋਕਾਂ ਦੀ ਬੋਲੀ ਹੁਣ 'ਗੋਲੀ ਦੀ ਥਾਂ ਰਾਣੀ' ਬਣ ਗਈ ਹੈ ?
(ਚ) ' ਸ਼ਾਮੋ ' ਪਾਤਰ ਕਿਸ ਇਕਾਂਗੀ ਨਾਲ ਸੰਬੰਧਿਤ ਹੈ ?
(ਛ) ' ਬੇਵਸੀ ' ਇਕਾਂਗੀ ਦਾ ਇਕਾਂਗੀਕਾਰ ਕੌਣ ਹੈ ?
(ਜ) ' ਰਸ਼ੀਦ ' ਕਿਸ ਕਹਾਣੀ ਦਾ ਪਾਤਰ ਹੈ ?
(ਝ) ' ਰਸ਼ੀਦ ' ਕਿਸ ਸ਼ਹਿਰ ਵਿੱਚ ਨੌਕਰੀ ਕਰਦਾ ਸੀ ?
(ਞ) 'ਮੜ੍ਹੀਆਂ ਤੋਂ ਦੂਰ' ਕਹਾਣੀ ਦਾ ਕਹਾਣੀਕਾਰ ਕੌਣ ਹੈ ?
(ਟ) ਮਾਸੀ (ਮੜ੍ਹੀਆਂ ਤੋਂ ਦੂਰ ) ਆਪਣੇ ਪੁੱਤਰ ਕੋਲ ਕਿਹੜੇ ਦੇਸ ਚਲੀ ਜਾਂਦੀ ਹੈ ?
(ਠ) ' ਪਹੁ ਫੁਟਾਲੇ ਤੋਂ ਪਹਿਲਾਂ' ਨਾਵਲ ਦਾ ਨਾਵਲਕਾਰ ਕੌਣ ਹੈ ?
(ਡ) ਮਾਸਟਰ ਆਰ ਸੀ ਬੱਟਾ ਕਿਹੜਾ ਵਿਸ਼ਾ ਪੜ੍ਹਾਉਂਦੇ ਸਨ ?
(ਢ) ਨੱਥੇ ਦੇ ਪਿਤਾ ਦਾ ਕੀ ਨਾਂ ਸੀ ?
(ਣ) ' ਪਹੁ ਫੁਟਾਲੇ ਤੋਂ ਪਹਿਲਾਂ ' ਨਾਵਲ ਦੇ ਪਹਿਲੇ ਕਾਂਡ ਨਾਲ ਸੰਬੰਧਿਤ ਸਕੂਲ ਦੀ ਇਮਾਰਤ ਅੰਗਰੇਜ਼ੀ ਦੇ ਕਿਸ ਅੱਖਰ ਵਰਗੀ ਸੀ ?

20x 1/2= 10

ਪ੍ਰਸ਼ਨ 2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਕਰੋ :

(ੳ) ਬੇੜਾ ਬੰਧ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਉਛਲੈ ਤਬ ਤਰਣ ਦੁਹੇਲਾ ॥
ਹਥ ਨ ਲਾਇ ਕਸੁੰਭੜੇ ਜਲਿ ਜਾਸੀ ਢੋਲਾ ॥ ਰਹਾਓ

ਜਾਂ

ਰੱਬਾ । ਮੇਰੇ ਹਾਲ ਦਾ ਮਹਿਰਮ ਤੂੰ ।
ਅੰਦਿਰ ਤੂੰ ਹੈਂ ਬਾਹਰ ਤੂੰ ਹੈਂ ਰੋਮਿ ਰੋਮਿ ਵਿੱਚ ਤੂੰ ।
ਤੂੰ ਹੈਂ ਤਾਣਾ ਤੂੰ ਹੈਂ ਬਾਣਾ ਸਭੁ ਕਿਛ ਮੇਰਾ ਤੂੰ।
ਤੂੰ ਹੈ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ । 2+3= 5

(ਅ) ਕੋਈ ਨਾ ਦੀਂਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀਂ ਮੈਥੋਂ ਰਾਠ ਡਰੇ।
ਵਲ ਵਲ ਵੱਢ ਦਿਆਂ ਸੂਰਮੇ ਜਿਉਂ ਖੇਤੀ ਨੂੰ ਪੈਣ ਗੜੇ।
ਸਿਰ ਸਿਆਲਾਂ ਦੇ ਵੱਢ ਕੇ ਸਿਟੂੰਗਾ ਵਿੱਚ ਰੜੇ।

ਜਾਂ

ਮੀਮ ਮਿਲਣ ਆਈ ਮਾਤਾ ਇੱਛਰਾ ਏ,
ਦੱਸੋ ਮੈਨੂੰ ਲੋਕੋ ਆਇਆ ਸਾਧ ਕੋਈ।
ਮੇਰੇ ਪੁੱਤਰ ਦਾ ਬਾਗ ਵੈਰਾਨ ਪਇਆ,
ਫੇਰ ਲਗਾ ਹੈ ਕਰਨ ਆਬਾਦ ਕੋਈ।
ਮੈਂ ਭੀ ਲੈ ਆਵਾਂ ਦਾਰੂ ਅੱਖੀਆਂ ਦਾ
ਪੂਰਨ ਛੱਡ ਨਾ ਗਿਆ ਸੁਆਦ ਕੋਈ 2+3= 5

ਪ੍ਰਸ਼ਨ 3 ਕਿਸੇ ਇੱਕ ਕਾਵਿ- ਰਚਨਾ ਦਾ ਕੇਂਦਰੀ-ਭਾਵ ਲਗ-ਪਗ 4● ਸ਼ਬਦਾਂ ਵਿੱਚ ਲਿਖੋ :
ਹੀਰ ਦਾ ਸਿਦਕ ਜਾਂ ਮੇਰੀ ਬੁੱਕਲ ਦੇ ਵਿੱਚ ਚੋਰ 2

ਪ੍ਰਸ਼ਨ 4 ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 15● ਸ਼ਬਦਾਂ ਵਿੱਚ ਲਿਖੋ :
(ੳ) ਮੇਰੀ ਮਾਂ ਬੋਲੀ (ਗੁਰਬਖ਼ਸ਼ ਸਿੰਘ)
(ਅ) ਹੱਸਣਾ ਤੇ ਕੂਕਣਾ (ਪ੍ਰਿੰ : ਤੇਜਾ ਸਿੰਘ) 6

ਪ੍ਰਸ਼ਨ 5 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ ਤੇ ਲਗ-ਪਗ 4● ਸ਼ਬਦਾਂ ਵਿੱਚ ਲਿਖੋ :
( ੳ) ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ ਤਾਂ ਲੋਕਾਂ ਨੇ ਉਸ ਨਾਲ ਕੀ ਵਿਵਹਾਰ ਕੀਤਾ ?

ਜਾਂ

ਆਮ ਲੋਕ ਗੁਰੂ ਨਾਨਕ ਦੇਵ ਜੀ ਬਾਰੇ ਕੀ ਕੁਛ ਕਹਿੰਦੇ ਸਨ ?
(ਅ) ਮਾਂ ਅਤੇ ਮਾਂ ਬੋਲੀ ਦੀ ਮਹੰਤਤਾ ਬਾਰੇ ਲੇਖਕ ਦੇ ਕੀ ਵਿਚਾਰ ਹਨ ?

ਜਾਂ

ਉੱਚੀ-ਉੱਚੀ ਹੱਸਣ ਨਾਲ ਕੀ ਹੁੰਦਾ ਹੈ ? $1^{1/2}+1^{1/2}=$ 3

ਪ੍ਰਸ਼ਨ 6. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿੱਤਰਨ ਲਗ-ਪਗ 15● ਸ਼ਬਦਾਂ ਵਿੱਚ ਲਖੋ :
ੳ) ਬਲਵੰਤ ਸਿੰਘ
(ਅ) ਰਾਧਾ 4

ਪ੍ਰਸ਼ਨ 7 ਹੇਠ ਲਿਖੇ ਵਾਰਤਾਲਾਪਾਂ ਵਿੱਚੋ. ਕਿਸੇ ਇੱਕ ਦਾ ਪ੍ਰਸੰਗ ਲਗ-ਪਗ 4● ਸ਼ਬਦਾਂ ਵਿੱਚ ਸਪਸ਼ਟ ਕਰੋ :
(ੳ) ਚੰਦ ਚੰਦ ਲਾਈ ਐ, ਮੈਂ ਨੀ ਚੰਦ ਚੁੰਦ ਕੋਈ ਰੋਟੀ ਦੇਹ। ਮੈਂ ਭੁੱਖਾ ਮਰਿਆ ਜਾਨਾ ਤੇ ਇਹ ਗੱਲਾਂ ਕਹੀ ਜਾਂਦੀ ਐ।
(ਅ) ਤਸਵੀਰਾਂ ਵੱਲ ਨਾ ਵੇਖੋ, ਤਸਵੀਰਾਂ ਦੀ ਜੁਆਨੀ ਨੂੰ ਬਚਾਓ। ਤੁਹਾਨੂੰ ਇੱਕ ਗੱਲ ਕਰਨੀ ਪਵੇਗੀ ਅੱਜ, ਹੁਣ ਤੁਸੀਂ ਫੈਸਲਾ ਅਟਕਾ ਨਹੀਂ ਸਕਦੇ। 2

ਪ੍ਰਸ਼ਨ 8 ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗ-ਪਗ 15● ਸ਼ਬਦਾਂ ਵਿੱਚ ਲਿਖੋ :
(ੳ) ਮੜ੍ਹੀਆਂ ਤੋਂ ਦੂਰ (ਰਘੁਬੀਰ ਢੰਡ)
(ਅ) ਇੱਕ ਪੈਰ ਘੱਟ ਤੁਰਨਾ (ਅਜੀਤ ਕੌਰ ) 4

ਪ੍ਰਸ਼ਨ 9 ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 15● ਸ਼ਬਦਾਂ ਵਿੱਚ ਲਿਖੋ :
(ੳ) ਬਲਵੰਤ ਰਾਏ
(ਅ) ਡਾਕਟਰ 3

ਪ੍ਰਸ਼ਨ 1● ਨਾਵਲ ' ਪਹੁ ਫੁਟਾਲੇ ਤੋ. ਪਹਿਲਾਂ' ਦੇ ਆਧਾਰ ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 15● ਸ਼ਬਦਾਂ ਵਿੱਚ ਲਿਖੋ :
(ੳ) ਮਾਸਟਰ ਸਾਧੂ ਰਾਮ (ਅ) ਨੰਦ ਸਿੰਘ 4

ਪ੍ਰਸ਼ਨ 11. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਦਾ ਪ੍ਰਸੰਗ ਲਗ-ਪਗ 4● ਸ਼ਬਦਾਂ ਵਿੱਚ ਸਪਸ਼ਟ ਕਰੋ :
(ੳ) " ਬਾਤ ਕੀ ਕਿਆ ਬਾਤ ਹੈ ਜੀ, ਬਾਤ ਤੋ ਬਿਨ ਬਨਾਏ ਹੀ ਬਨ ਜਾਤੀ ਹੈ। "

(ਅ) " ਜੇ ਮੇਰੀ ਖੇਚਲ ਨਾਲ ਇਹਨਾਂ ਦਾ ਕੋਈ ਭਲਾ ਹੁੰਦੈ ਤਾਂ ਮੈਂ ਏਥੇ ਘਰੇ ਵਿਹਲੇ ਨੇ ਕੀ ਕਪਾਹ ਗੋਡਣੀ ਐ। ਪਰਉਪਕਾਰ ਹੀ ਵੱਡੀ ਭਗਤੀ ਐ ਭਾਗਵਾਨੇ।" 2

**ਸ਼੍ਰੇਣੀ : ਦਸਵੀਂ**
**ਵਿਸ਼ਾ : ਪੰਜਾਬੀ**
**ਪੇਪਰ : ਏ**
**ਸਮੈਸਟਰ : ਦੂਜਾ**
**ਪਾਠ-ਕ੍ਰਮ ਦੀ ਵੰਡ**

**ਲਿਖਤੀ ਅੰਕ :** 50
**ਆਂਤਰਿਕ ਅੰਕ :** 25
**ਸਮਾਂ:** 3 **ਘੰਟੇ** **ਕੁੱਲ ਅੰਕ :** 75

1 **ਪਾਠ-ਪੁਸਤਕ : ਸਾਹਿਤ-ਮਾਲਾ**

ਇਸ ਪੁਸਤਕ ਦੇ ਕਵਿਤਾ ਭਾਗ ਵਿੱਚੋਂ ਹੇਠ ਲਿਖੀਆਂ ਕਾਵਿ- ਧਾਰਾਵਾਂ ਸ਼ਾਮਲ ਹਨ :

(ੳ) ਗੁਰਮਤਿ -ਕਾਵਿ (ਅ) ਬੀਰ-ਕਾਵਿ

ਇਸ ਭਾਗ ਵਿੱਚੋਂ ਤਿੰਨ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ :

- ਛੇ ਪ੍ਰਸ਼ਨ ਵਸਤੂ ਨਿਸ਼ਠ ਕਿਸਮ (Objective type) ਦੇ ਹੋਣਗੇ।
- ਦੋ ਪ੍ਰਸ਼ਨ ਪ੍ਰਸੰਗ ਸਹਿਤ ਵਿਆਖਿਆ ਬਾਰੇ ਹੋਣਗੇ।
- ਇੱਕ ਪ੍ਰਸ਼ਨ ਕਵਿਤਾ ਦੇ ਕੇਂਦਰੀ ਭਾਵ / ਸਾਰ ਬਾਰੇ ਹੋਵੇਗਾ।

3+5+5+2= 15

**ਸਾਹਿਤ -ਮਾਲਾ ਪੁਸਤਕ ਦੇ ਵਾਰਤਕ-ਭਾਗ ਵਿੱਚੋਂ ਹੇਠ ਲਿਖੇ ਲੇਖ ਸ਼ਾਮਲ ਹਨ** :

(ੳ) ਹਿਆਉ ਨ ਕੈਹੀ ਠਾਹਿ (ਅ) ਬਾਬਾ ਰਾਮ ਸਿੰਘ ਕੂਕਾ
(ੲ) ਮਹਾਂ ਕਵੀ ਕਾਲੀਦਾਸ (ਸ) ਮੇਰੇ ਵੱਡੇ ਵਡੇਰੇ

ਇਸ ਭਾਗ ਵਿੱਚੋਂ ਤਿੰਨ ਪ੍ਰਕਾਰ ਦੇ ਪ੍ਰਸ਼ਨ ਪੁੱਛੇ ਜਾਣਗੇ :

- ਚਾਰ ਪ੍ਰਸ਼ਨ ਵਸਤੂ ਨਿਸ਼ਠ ਕਿਸਮ (Objective type) ਦੇ ਹੋਣਗੇ।
- ਇੱਕ ਪ੍ਰਸ਼ਨ ਲੇਖ ਦੇ ਸਾਰ ਨਾਲ ਸੰਬੰਧਿਤ ਹੋਵੇਗਾ।
- ਦੋ ਪ੍ਰਸ਼ਨ ਪਾਠ-ਅਭਿਆਸਾਂ ਵਿੱਚੋਂ ਲੇਖ ਦੇ ਵਸਤੂ-ਪੱਖ ਬਾਰੇ ਹੋਣਗੇ।

2+6+3= 11

**ਪਾਠ-ਪੁਸਤਕ : ਵੰਨਗੀ**

ਇਸ ਪੁਸਤਕ ਵਿੱਚੋਂ ਹੇਠ ਲਿਖੇ ਇਕਾਂਗੀ ਸ਼ਾਮਲ ਹਨ :

(ੳ) ਜ਼ਫ਼ਰਨਾਮਾ (ਅ) ਨਾਇਕ

**ਇਸ ਭਾਗ ਵਿੱਚੋਂ ਤਿੰਨ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ** :

- ਦੋ ਪ੍ਰਸ਼ਨ ਵਸਤੂ ਨਿਸ਼ਠ ਕਿਸਮ ਦੇ ਹੋਣਗੇ।
- ਇੱਕ ਪ੍ਰਸ਼ਨ ਪਾਤਰ-ਚਿਤਰਨ ਬਾਰੇ ਹੋਵੇਗਾ।
- ਇੱਕ ਪ੍ਰਸ਼ਨ ਵਾਰਤਾਲਾਪ ਦੇ ਪ੍ਰਸੰਗ ਬਾਰੇ ਹੋਵੇਗਾ।

1+4+2= 7

ਵੰਨਗੀ ਪੁਸਤਕ ਵਿੱਚੋਂ ਹੇਠ ਲਿਖੀਆਂ ਕਹਾਣੀਆਂ ਸ਼ਾਮਲ ਹਨ :

(ੳ) ਕਲਮ ਜਾਗ ਪਈ (ਅ) ਨਿੱਕੀ ਬੂਟੀ ਦਾ ਸੂਟ
(ੲ) ਬਾਕੀ ਸਭ ਸੁੱਖ ਸਾਂਦ ਹੈ। (ਸ) ਡੁੰਮ੍ਹ

ਇਸ ਭਾਗ ਵਿੱਚੋਂ ਤਿੰਨ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ।

- ਚਾਰ ਪ੍ਰਸ਼ਨ ਵਸਤੂ ਨਿਸ਼ਠ ਕਿਸਮ ਦੇ ਹੋਣਗੇ।
- ਇੱਕ ਪ੍ਰਸ਼ਨ ਕਹਾਣੀ ਦੇ ਸਾਰ ਨਾਲ ਸੰਬੰਧਿਤ ਹੋਵੇਗਾ।
- ਇੱਕ ਪ੍ਰਸ਼ਨ ਪਾਤਰ-ਚਿਤਰਨ ਸੰਬੰਧੀ ਹੋਵੇਗਾ।

2+4+3= 9

3. ਪਾਠ-ਪੁਸਤਕ: ਪਹੁ-ਫੁਟਾਲੇ ਤੋਂ ਪਹਿਲਾਂ (ਨਾਵਲ)

ਕਾਂਡ 8 ਤੋਂ 17 ਤੱਕ

ਇਸ ਭਾਗ ਵਿੱਚੋਂ ਤਿੰਨ ਪ੍ਰਕਾਰ ਦੇ ਪ੍ਰਸ਼ਨ ਪੁੱਛੇ ਜਾਣਗੇ :

- ਚਾਰ ਪ੍ਰਸ਼ਨ ਵਸਤੂ ਨਿਸ਼ਠ ਕਿਸਮ ਦੇ ਹੋਣਗੇ।
- ਇੱਕ ਪ੍ਰਸ਼ਨ ਪਾਤਰ-ਚਿਤਰਨ ਨਾਲ ਸੰਬੰਧਿਤ ਹੋਵੇਗਾ।
- ਇੱਕ ਪ੍ਰਸ਼ਨ ਵਾਰਤਾਲਾਪ ਦੇ ਪ੍ਰਸੰਗ ਸੰਬੰਧੀ ਹੋਵੇਗਾ। 2+4+2= 8

## ਨਮੂਨੇ ਦਾ ਪ੍ਰਸ਼ਨ-ਪੱਤਰ

ਲਿਖਤੀ ਅੰਕ : 5●
ਆਂਤਰਿਕ ਅੰਕ : 25
ਸਮਾਂ: 3 ਘੰਟੇ ਕੁੱਲ ਅੰਕ : 75

ਨੋਟ : ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ' ਤੇ ਆਧਾਰਿਤ ਹੋਣ।

ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ :-

(ੳ) ਗੁਰੂ ਨਾਨਕ ਦੇਵ ਜੀ ਦੀ ਕਿਸੇ ਬਾਣੀ ਦਾ ਨਾਂ ਲਿਖੋ ?
(ਅ) ਹਰਿਮੰਦਰ ਸਾਹਿਬ ਦੀ ਉਸਾਰੀ ਕਿਸ ਗੁਰੂ ਸਾਹਿਬ ਨੇ ਕਰਵਾਈ ?
(ੲ) ' ਗਗਨ ਮੈ ਥਾਲੁ ' ਕਿਸ ਗੁਰੂ ਸਾਹਿਬ ਦੀ ਰਚਨਾ ਹੈ >
(ਸ) ਸਾਹਿਤ-ਮਾਲਾ ਵਿੱਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ ?
(ਹ) ' ਗੁਰਬਾਣੀ ਦੀ ਕੁੰਜੀ' ਕਿਸ ਕਵੀ ਦੀ ਰਚਨਾ ਹੈ ?
(ਕ) 'ਸਤਿਗੁਰ ਨਾਨਕ ਪ੍ਰਗਟਿਆ ' ਕਿਸ ਕਵੀ ਦੀ ਰਚਨਾ ਹੈ ?
(ਖ) ' ਬਾਬਾ ਰਾਮ ਸਿੰਘ ਕੂਕਾ' ਲੇਖ ਦੇ ਲੇਖਕ ਦਾ ਕੀ ਨਾਂ ਹੈ?
(ਗ) ਸਾਹਿਤ -ਮਾਲਾ ਵਿੱਚ ਗਿਆਨੀ ਗੁਰਦਿੱਤ ਸਿੰਘ ਦਾ ਕਿਹੜਾ ਲੇਖ ਦਰਜ ਹੈ ?
(ਘ) ਮਹਾਂ ਕਵੀ ਕਾਲੀਦਾਸ ਦੇ ਕਿਸੇ ਇੱਕ ਨਾਟਕ ਦਾ ਨਾਂ ਦੱਸੋ ?
(ঙ) ਲੇਖਕ ਦੇ ਦਾਦਿਆਂ (ਮੇਰੇ ਵੱਡੇ ਵਡੇਰੇ) ਦੀ ਭੈਣ ਨੇ ਕਿਸ ਚੀਜ਼ ਨੂੰ ਚੁੱਕ ਕੇ ਖੋਲੇ ਵਿੱਚ ਸੁੱਟ ਦਿੱਤਾ ਸੀ ?
(ਚ) ' ਔਰੰਗਜ਼ੇਬ ' ਕਿਸ ਇਕਾਂਗੀ ਦਾ ਪਾਤਰ ਹੈ ?
(ਛ) ' ਨਾਇਕ' ਇਕਾਂਗੀ ਵਿੱਚ ' ਪੁੱਤਰ' ਪਾਤਰ ਕਿੰਨਾ ਪੜ੍ਹਿਆ ਹੋਇਆ ਹੈ?
(ਜ) ' ਨਾਇਕ' ਇਕਾਂਗੀ ਵਿੱਚ 'ਪਿਤਾ ਕਿੰਨੇ ਰੂਪਾਂ ਵਿੱਚ ਪੇਸ਼ ਹੁੰਦਾ ਹੈ?
(ਝ) 'ਜ਼ੀਨਤ-ਉਨ-ਨਿਸਾ' ਕਿਸ ਇਕਾਂਗੀ ਦੀ ਪਾਤਰ ਹੈ ?
( ਞ) ' ਡੁੰਮ੍ਹ' ਕਹਾਣੀ ਦਾ ਲੇਖਕ ਕੌਣ ਹੈ?
(ਟ) ਤੇਜੂ , ਤਾਰੇ ਦਾ ਕੀ ਲੱਗਦਾ ਹੈ ?
(ਠ) ਜਗਦੇ ਦੇ ਪਿਤਾ ਦਾ ਕੀ ਨਾਂ ਸੀ ?
(ਡ) ' ਪਹੁ ਫੁਟਾਲੇ ਤੋ. ਪਹਿਲਾਂ' ਨਾਵਲ ਦੇ ਕਿੰਨੇ ਕਾਂਡ ਹਨ?
(ਢ) ' ਪਹੁ ਫੁਟਾਲੇ ਤੋ. ਪਹਿਲਾਂ' ਨਾਵਲ ਦਾ ਲੇਖਕ ਕੌਣ ਹੈ ?
(ਣ) ਹਰੀਜਨ ਨੇ ਤਾ ਮਹੀਪਾਲ ਕਿਸ ਪਾਰਟੀ ਨਾਲ ਸੰਬੰਧ ਰੱਖਦੇ ਸਨ ?

2●x1/2= 10

ਪ੍ਰਸ਼ਨ 2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 15● ਸ਼ਬਦਾਂ ਵਿੱਚ ਕਰੋ :

(ੳ) ਸੁਲਤਾਨ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ॥

ਜਾਂ

ਦੇਖਿ ਪਰਾਈਆ ਚੰਗੀਆ ਮਾਵਾ ਭੈਣਾ ਧੀਆ ਜਾਣੈ।
ਉਸੁ ਸੂਅਰ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।
ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ ਮੋਹਿ ਨ ਧੋਹਿ ਧਿੰਙਾਣੈ।
ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ। 2+3= 5

(ਅ) ਚੋਟ ਪਈ ਖਰਚਾਮੀ ਦਲਾਂ ਮੁਕਾਬਲਾ ।
ਘੇਰ ਲਈ ਵਰਿਆਮੀ ਦੁਰਗਾ ਆਇ ਕੈ।
ਰਾਕਸ਼ ਵੱਡੇ ਅਲਾਮੀ ਭੱਜ ਨ ਜਾਣਦੇ ।
ਅੰਤ ਹੋਈ ਸੁਰਗਾਮੀ ਮਾਰੇ ਦੇਵਤੇ

ਜਾਂ

ਘੋੜੇ ਆਦਮੀ ਗੋਲਿਆਂ ਨਾਲ ਉੱਡਣ
ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁੰਹਮਦਾ ਇੱਕ ਸਰਕਾਰ ਬਾਝੋਂ ।
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ। 2+3= 5

ਪ੍ਰਸ਼ਨ 3. ਕਿਸੇ ਇੱਕ ਕਾਵਿ-ਰਚਨਾ ਦਾ ਕੇਂਦਰੀ ਭਾਵ ਲਗ-ਪਗ 4● ਸ਼ਬਦਾਂ ਵਿੱਚ ਲਿਖੋ :

‘ ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ’ ਜਾਂ ‘ਚੰਡੀ ਦੀ ਵਾਰ’ 2

ਪ੍ਰਸ਼ਨ 4 ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ–ਪਗ 15● ਸ਼ਬਦਾਂ ਵਿੱਚ ਲਿਖੋ :

(ੳ) ਮਹਾਂਕਵੀ ਕਾਲੀਦਾਸ (ਪਿਆਰਾ ਸਿੰਘ ਪਦਮ)

(ਅ) ਮੇਰੇ ਵੱਡੇ ਵਡੇਰੇ (ਗਿਆਨੀ ਗੁਰਦਿੱਤ ਸਿੰਘ) 6

ਪ੍ਰਸ਼ਨ 5 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ–ਪੁਸਤਕ ਦੇ ਆਧਾਰ ਤੇ ਲਗ–ਪਗ 4● ਸ਼ਬਦਾਂ ਵਿੱਚ ਲਿਖੋ :

(ੳ) ਬਾਬਾ ਰਾਮ ਸਿੰਘ ਨੇ ਇਸਤਰੀ ਜਾਤੀ ਦੀ ਭਲਾਈ ਲਈ ਕੀ–ਕੀ ਉਪਦੇਸ਼ ਦਿੱਤੇ ?

ਜਾਂ

ਮੰਦੇ ਖਿਆਲ ਬਦੀ ਦੇ ਹਰਕਾਰੇ ਕਿਵੇਂ ਹਨ ? ‘ ਹਿਆਉ ਨ ਕੈਹੀ ਠਾਹਿ’ ਪਾਠ ਦੇ ਆਧਾਰ ਤੇ ਉੱਤਰ ਦਿਓ।

(ਅ) ਛਾਪੇ ਪਿੰਡ ਵਾਲਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਕਿਉਂ ਨਾਤਾ ਤੋੜ ਲਿਆ ?

ਜਾਂ

ਕਾਲੀਦਾਸ ਕੌਣ ਸੀ ? ਉਸ ਨੂੰ ਇੰਨੀ ਪ੍ਰਸਿੱਧੀ ਕਿਉਂ ਮਿਲੀ ? $1^{1/2+}1^{1/2}=$ 3

ਪ੍ਰਸ਼ਨ 6 ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ–ਚਿੱਤਰਨ ਲਗ–ਪਗ 15● ਸ਼ਬਦਾਂ ਵਿੱਚ ਲਿਖੋ :

(ੳ) ਪਿਤਾ

(ਅ) ਔਰੰਗਜ਼ੇਬ 4

ਪ੍ਰਸ਼ਨ 7 ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇਕ ਦਾ ਪ੍ਰਸੰਗ ਲਗ–ਪਗ 4● ਸ਼ਬਦਾਂ ਵਿੱਚ ਸਪਸ਼ਟ ਕਰੋ :

(ੳ) “ ਅੱਬਾ ਜਾਨ, ਤੁਸੀ ਜ਼ਿਆਦਾ ਫਿਕਰਮੰਦ ਰਹਿੰਦੇ ਹੋ ? ਸੁਪਨਾ ਕਿਆ ਸੀ ? ”

ਜਾਂ

(ਅ) “ ਪਿਤਾ ਜੀ, ਮੈਟਰਿਕ ਮੈਟਰਿਕ ਹੁੰਦਾ ਏ, ਐਮ.ਏ, ਐਮ.ਏ ਹੁੰਦਾ, ਏ।” 2

ਪ੍ਰਸ਼ਨ 8 ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸ ਇੱਕ ਕਹਾਣੀ ਦਾ ਸਾਰ ਲਗ–ਪਗ 15● ਸ਼ਬਦਾਂ ਵਿੱਚ ਲਿਖੋ :

(ੳ) ਕਲਮ ਜਾਗ ਪਈ (ਅ) ਡੁੰਮ੍ਹ 4

ਪ੍ਰਸ਼ਨ 9 ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ–ਚਿਤਰਨ ਲਗ–ਪਗ 15● ਸ਼ਬਦਾਂ ਵਿੱਚ ਲਿਖੋ :

(ੳ) ਭੂਆ

(ਅ) ਮੋਹਣਾ 3

ਪ੍ਰਸ਼ਨ 1● ਨਾਵਲ ‘ ਪਹੁ ਫੁਟਾਲੇ ਤੋਂ ਪਹਿਲਾਂ’ ਦੇ ਅਧਾਰ ’ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ–ਚਿਤਰਨ ਲਗ–ਪਗ 15● ਸ਼ਬਦਾਂ ਵਿੱਚ ਲਿਖੋ :

(ੳ) ਜਗਨ ਨਾਥ (ਜਗਨਾ) (ਅ) ਕਰਤਾ ਰਾਮ ਸੇਵਕ 4

ਪ੍ਰਸ਼ਨ 11. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਦਾ ਪ੍ਰਸੰਗ ਲਗ–ਪਗ 4● ਸ਼ਬਦਾਂ ਵਿੱਚ ਸਪਸ਼ਟ ਕਰੋ :

(ੳ) “ ਚੰਗਾ ਫੇਰ ਤੂੰ ਵੀ ਰਲ ਜਾ, ਜਾ ਕੇ। ਜਾਓ ਦਫੇ ਹੋ ਜੋ। ਨਿਕਲੋ ਮੇਰੇ ਘਰੋਂ।”

(ਅ) “ ਵੇਖੋ ਕੀ। ਵੇਖੋ ਅਹੁ ਕੀ । ਕਿੰਨਾ ਚਾਨਣ--------ਝੰਡਾ । ਤਿਰੰਗਾ ----ਤਿਰੰਗਾ---। ਉੱਠੋ, ਉੱਠੋ । ਪਰਨਾਮ ਕਰੀਏ ------ਸਲਾਮੀ ਦੇਈਏ। ਉਹਿ ਉੱਠੋ ਵੀ ------। ” 2